## ਮਿਤੀ 20-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:243<br>ਮਿਤੀ:20-12-22<br>ਜੁਰਮ:379ਬੀ,34, ਆਈ.ਪੀ.ਸੀ<br>ਥਾਣਾ ਫੇਸ-1 | ਕੁਲਜੀਤ ਸਿੰਘ ਕੰਗ ਪੁੱਤਰ ਤਲਵਿੰਦਰ ਸਿੰਘ ਵਾਸੀ ਫਲੈਟ ਨੰ:1003, ਟਾਵਰ ਨੰ:ਸੀ-05, ਕੇਂਦਰੀ ਵਿਹਾਰ-02, ਸੰਨੀ ਇੰਨਕਲੇਵ, ਖਰੜ<br>ਉਮਰ 36 ਸਾਲ<br>97806-62298 | 1) ਸੰਜੇ ਉਰਫ ਮਾਮੂ ਪੁੱਤਰ ਜਗਦੀਸ਼ ਵਾਸੀ ਪਲਾਟ ਨੰ:213, ਸੈਕ:55, ਪਲਸੌਰਾ, ਚੰਡੀਗੜ੍ਹ<br>2) ਸੰਨੀ ਪੁੱਤਰ ਲਖਵੀਰ ਸਿੰਘ ਵਾਸੀ ਮਕਾਨ ਨੰ:208, ਪਿੰਡ ਮੋਹਾਲੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 19-12-22 ਨੂੰ ਵਕਤ ਕਰੀਬ 09:30 ਪੀ ਐਮ ਦਾ ਹੋਵੇਗਾ ਮੈ ਆਪਣੀ ਗੱਡੀ ਨੰ:ਸੀ ਐਚ-01ਸੀਸੀ-3279 ਮਾਰਕਾ ਬ੍ਰੀਜਾ ਰੰਗ ਚਿੱਟਾ ਪਰ ਸਵਾਰ ਹੋ ਕੇ ਆਪਣੇ ਕੰਮ ਦੇ ਸਬੰਧ ਵਿੱਚ ਪਲਾਟ ਨੰ:ਈ-01, ਇੰਡ:ਏਰੀਆ, ਫੇਸ-2, ਮੋਹਾਲੀ ਵਿਖੇ ਆਇਆ ਸੀ। ਤਾਂ ਉੱਥੇ ਉਕਤਾਨ ਦੋਸ਼ੀਆਨ ਮੇਰੇ ਕੋਲ ਆਏ ਤੇ ਉਹ ਮੇਰੀ ਬਿਨ੍ਹਾ ਕਿਸੇ ਗੱਲ ਤੋ ਕੁੱਟਮਾਰ ਕਰਨ ਲੱਗ ਪਏ ਤੇ ਮੈਨੂੰ ਗੱਡੀ ਵਿੱਚੋ ਬਾਹਰ ਕੱਢ ਕੇ ਮੇਰੀ ਗੱਡੀ ਖੋਹ ਕੇ ਫਰਾਰ ਹੋ ਗਏ। ਬਾਅਦ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ:144<br>ਮਿਤੀ:20-12-22<br>ਜੁਰਮ:323,325,506, 148,149, ਆਈ.ਪੀ.ਸੀ<br>ਥਾਣਾ ਮਟੌਰ | ਗੌਰਵ ਮੋਰਿਆ ਪੁੱਤਰ ਬਰਨ ਮੋਰਿਆ ਵਾਸੀ ਮਕਾਨ ਨੰ:07/ਬੀ, ਫਸਟ ਫਲੌਰ, ਖਹਿਰਾ ਇੰਨਕਲੇਵ, ਸੈਕ:126, ਖਰੜ<br>ਉਮਰ 23 ਸਾਲ<br>76268-35464 | 1) ਮਿੱਡਾ<br>2) ਕੁੱਕੂ<br>3) ਯੋਗੀ ਵਾਸੀਆਨ ਚੰਡੀਗੜ੍ਹ<br>4) ਸਚਿੱਨ ਸਿੰਘ ਰਾਵਤ ਪੁੱਤਰ ਸੁਰਿੰਦਰ ਸਿੰਘ ਵਾਸੀ ਮਕਾਨ ਨੰ: 1505, ਸੈਕ:70, ਮੋਹਾਲੀ<br>5) 5/6, ਹੋਰ ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 19-12-22 ਦੀ ਰਾਤ ਨੂੰ ਮੈ ਤੇ ਮੇਰਾ ਦੋਸਤ ਪ੍ਰਵੀਨ ਯਾਦਵ ਪੁੱਤਰ ਗੁਗਨ ਸਿੰਘ ਵਾਸੀ ਮਕਾਨ ਨੰ:2775, ਸੈਕ:42/ਸੀ, ਚੰਡੀਗੜ੍ਹ ਦੋਵੇ ਜਣੇ ਜੇ ਡੀ ਹੋਟਲ, ਮਟੌਰ ਵਿਖੇ ਗਏ ਸਨ। ਜਿੱਥੇ ਉਕਤਾਨ ਦੋਸ਼ੀਆਨ ਨੇ ਰੱਲ ਕੇ ਬਿਨ੍ਹਾ ਕਿਸੇ ਗੱਲ ਤੋ ਮੇਰੀ ਕੁੱਟਮਾਰ ਕੀਤੀ ਤੇ ਮੈਨੂੰ ਜਾਨੋ ਮਾਰਨ ਦੀਆ ਧਮਕੀਆ ਵੀ ਦਿੱਤੀਆ। ਜਦੋ ਮੈ ਰੌਲਾ ਪਾਇਆ ਤਾਂ ਉਕਤਾਨ ਦੋਸ਼ੀਆਨ ਮੌਕੇ ਤੋ ਫਰਾਰ ਹੋ ਗਏ। ਬਾਅਦ ਵਿੱਚ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ:181<br>ਮਿਤੀ:20-12-22<br>ਜੁਰਮ:174ਏ, ਆਈ.ਪੀ.ਸੀ<br>ਥਾਣਾ ਫੇਸ-8 | ਸ਼੍ਰੀ ਰਵਤੇਸ਼ ਇੰਦਰਜੀਤ ਸਿੰਘ ਜੇ ਐਮ ਆਈ ਸੀ, ਮੋਹਾਲੀ | ਰਾਮੇਸ਼ ਕੁਮਾਰ ਪੁੱਤਰ ਵਰਿੰਦਰ ਕੁਮਾਰ ਵਾਸੀ ਮਕਾਨ ਨੰ:271, ਪਿੰਡ ਕਝਹੇੜੀ, ਚੰਡੀਗੜ੍ਹ | ਇਹ ਮੁਕੱਦਮਾ ਜੱਜ ਸਾਹਿਬ ਦੇ ਹੁਕਮ ਤੇ ਦਰਜ ਕੀਤਾ ਗਿਆ ਹੈ। ਜਿਸ ਵਿੱਚ ਦੱਸਿਆ ਗਿਆ ਹੈ ਕਿ ਉਕਤ ਦੋਸ਼ੀ ਆਪਣੀ ਪੇਸ਼ੀ ਪਰ ਮਾਨਯੋਗ ਅਦਾਲਤ ਵਿੱਚ ਪੇਸ਼ ਨਹੀ ਹੋਇਆ। ਜਿਸ ਦੇ ਖਿਲਾਫ ਹੁਣ ਮੁਕੱਦਮਾ ਦਰਜ ਕੀਤਾ ਗਿਆ ਹੈ। |
| 4 | ਮੁਕੱਦਮਾ ਨੰ:182<br>ਮਿਤੀ:20-12-22<br>ਜੁਰਮ:174ਏ, ਆਈ.ਪੀ.ਸੀ<br>ਥਾਣਾ ਫੇਸ-8 | ਸ਼੍ਰੀ ਰਵਤੇਸ਼ ਇੰਦਰਜੀਤ ਸਿੰਘ ਜੇ ਐਮ ਆਈ ਸੀ, ਮੋਹਾਲੀ | 1) ਰਵਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਸੰਗੀ, ਜਿਲ੍ਹਾ ਤਰਨਤਾਰਨ<br>2) ਸਤਵੀਰ ਸਿੰਘ ਪੁੱਤਰ ਸਵਿੰਦਰ ਸਿੰਘ ਵਾਸੀ ਪਿੰਡ ਚੰਬਾ ਕਲਾਂ, ਜਿਲ੍ਹਾ ਤਰਨਤਾਰਨ | ਇਹ ਮੁਕੱਦਮਾ ਜੱਜ ਸਾਹਿਬ ਦੇ ਹੁਕਮ ਤੇ ਦਰਜ ਕੀਤਾ ਗਿਆ ਹੈ। ਜਿਸ ਵਿੱਚ ਦੱਸਿਆ ਗਿਆ ਹੈ ਕਿ ਉਕਤ ਦੋਸ਼ੀ ਆਪਣੀ ਪੇਸ਼ੀ ਪਰ ਮਾਨਯੋਗ ਅਦਾਲਤ ਵਿੱਚ ਪੇਸ਼ ਨਹੀ ਹੋਇਆ। ਜਿਸ ਦੇ ਖਿਲਾਫ ਹੁਣ ਮੁਕੱਦਮਾ ਦਰਜ ਕੀਤਾ ਗਿਆ ਹੈ। |

| | | | | |
|---|---|---|---|---|
| 5 | ਮੁਕੱਦਮਾ ਨੰ:254<br>ਮਿਤੀ:20-12-22<br>ਜੁਰਮ:363,366ਏ,<br>ਆਈ.ਪੀ.ਸੀ<br>ਥਾਣਾ ਸਦਰ ਖਰੜ | ਸੁਰੇਸ਼ ਕੁਮਾਰ ਪੁੱਤਰ ਸ਼੍ਰੀ ਨਰੰਗੀ ਲਾਲ ਹਾਲ ਵਾਸੀ ਪਿੰਡ ਛੱਜੂ ਮਾਜਰਾ, ਖਰੜ<br>ਉਮਰ 38 ਸਾਲ<br>73470-62512 | ਸੁਰਜੀਤ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰੀ ਲੜਕੀ ਨੀਸ਼ਾ ਜਿਸ ਦੀ ਉਮਰ ਕਰੀਬ 12 ਸਾਲ ਹੈ। ਜੋ ਅੱਠਵੀ ਕਲਾਸ ਵਿੱਚ ਸਰਕਾਰੀ ਹਾਈ ਸਕੂਲ ਦੇਸੂ ਮਾਜਰਾ, ਖਰੜ ਵਿਖੇ ਪੜ੍ਹਦੀ ਸੀ। ਮਿਤੀ 19-12-22 ਨੂੰ ਉਹ ਹਰ ਰੋਜ ਦੀ ਤਰ੍ਹਾ ਆਪਣੇ ਸਕੂਲ ਗਈ ਸੀ ਤੇ ਸ਼ਾਮ ਨੂੰ ਘਰ ਵਾਪਸ ਨਹੀ ਆਈ ਜਿਸ ਦੀ ਅਸੀ ਆਪਣੇ ਤੌਰ ਤੇ ਕਾਫੀ ਭਾਲ ਕੀਤੀ ਪਰ ਨਹੀ ਮਿਲੀ। ਹੁਣ ਮੈਨੂੰ ਪਤਾ ਲੱਗਾ ਕਿ ਉਕਤ ਦੋਸ਼ੀ ਸੁਰਜੀਤ ਮੇਰੀ ਲੜਕੀ ਨੀਸ਼ਾ ਨੂੰ ਵਰਗਲਾ ਕੇ ਤੇ ਫੁਸਲਾ ਕੇ ਭੱਜਾ ਕੇ ਲੈ ਗਿਆ ਹੈ। ਜਿਸ ਤੇ ਹੁਣ ਮੈ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ:255<br>ਮਿਤੀ:20-12-22<br>ਜੁਰਮ:306,<br>ਆਈ.ਪੀ.ਸੀ<br>ਥਾਣਾ ਸਦਰ ਖਰੜ | ਮਨਜੀਤ ਕੌਰ ਪਤਨੀ ਲੇਟ ਕੁਲਵਿੰਦਰ ਸਿੰਘ ਵਾਸੀ ਪਿੰਡ ਘੜੂੰਆ, ਥਾਣਾ ਘੜੂੰਆ<br>ਉਮਰ 42 ਸਾਲ<br>98155-40048 | 1) ਹਰਜੀਤ ਸਿੰਘ (ਚਾਚਾ) ਵਾਸੀ ਮਲੇਸ਼ੀਆ<br>2) ਬਲਜੀਤ ਸਿੰਘ ਵਾਸੀ ਪਿੰਡ ਮੌਲੀ ਬੈਦਵਾਨ, ਮੋਹਾਲੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਕੁਝ ਦਿਨ ਪਹਿਲਾ ਮੇਰੇ ਘਰਵਾਲੇ ਕੁਲਵਿੰਦਰ ਸਿੰਘ ਨੇ ਮੈਨੂੰ ਦੱਸਿਆ ਕਿ ਮੇਰੇ ਚਾਚੇ ਉਕਤ ਦੋਸ਼ੀ ਹਰਜੀਤ ਸਿੰਘ ਤੇ ਉਕਤ ਦੋਸ਼ੀ ਬਲਜੀਤ ਸਿੰਘ ਨੇ ਰੱਲ ਕੇ ਪਿੰਡ ਰਾਏਪੁਰ ਖੁਰਦ ਵਿਖੇ ਸਾਡੀ ਕਰੀਬ 12 ਕਨਾਲ ਜਮੀਨ ਦਾ ਗਲਤ ਸੌਦਾ ਕੀਤਾ ਹੈ ਤੇ ਉਹ ਬਿਆਨੇ ਦੇ ਪੈਸੇ ਵੀ ਖੁਦ ਹੜੱਪ ਕਰ ਗਏ ਹਨ। ਜੋ ਬਾਅਦ ਵਿੱਚ ਮੇਰੇ ਘਰਵਾਲੇ ਨੂੰ ਭਰਨੇ ਪਏ। ਫਿਰ ਉਹ ਦੋਨੋ ਜਣੇ ਮੇਰੇ ਘਰਵਾਲੇ ਨੂੰ ਧਮਕੀਆ ਦੇਣ ਲੱਗ ਪਏ। ਜਿਸ ਕਾਰਨ ਮੇਰਾ ਘਰਵਾਲਾ ਡਿਪਰੈਸ਼ਨ ਵਿੱਚ ਰਹਿਣ ਲੱਗ ਪਿਆ। ਜਿਸ ਤੇ ਹੁਣ ਮਿਤੀ 19-12-22 ਨੂੰ ਮੇਰੇ ਘਰਵਾਲੇ ਨੇ ਕੋਈ ਜਹਿਰੀਲੀ ਚੀਜ ਪੀ ਕੇ ਆਤਮ ਹੱਤਿਆ ਕਰ ਲਈ ਹੈ। ਮੇਰੇ ਘਰਵਾਲੇ ਨੇ ਉਕਤਨ ਦੋਸ਼ੀਆਨ ਤੋ ਤੰਗ ਪ੍ਰੇਸ਼ਾਨ ਹੋ ਕੇ ਆਤਮ ਹੱਤਿਆ ਕੀਤੀ ਹੈ। ਜਿਸ ਤੇ ਹੁਣ ਮੈ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ: 404<br>ਮਿਤੀ:20-12-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ ਡੇਰਾਬੱਸੀ | ਰੋਹਿਤ ਸ਼ਰਮਾ ਪੁੱਤਰ ਰਾਜ ਕੁਮਾਰ ਵਾਸੀ ਮਕਾਨ ਨੰ:639, ਸਰਸਵੱਤੀ ਵਿਹਾਰ ਗਲੀ ਨੰ: 04, ਡੇਰਾਬੱਸੀ, ਥਾਣਾ ਡੇਰਾਬੱਸੀ<br>ਉਮਰ 55 ਸਾਲ<br>90237-42509 | ਨਾ-ਮਾਲੂਮ ਡਰਾਈਵਰ ਤੇ ਕਾਰ ਰੰਗ ਚਿੱਟਾ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 19-12-22 ਨੂੰ ਵਕਤ ਕਰੀਬ 06:00 ਪੀ ਐਮ ਦਾ ਹੋਵੇਗਾ ਮੇਰੇ ਪਿਤਾ ਰਾਜ ਕੁਮਾਰ ਜੀ ਸੁਖਮਨੀ ਕਾਲਜ, ਡੇਰਾਬੱਸੀ ਸਾਈਡ ਤੋ ਆਪਣੀ ਐਕਟਿਵਾ ਨੰ:ਪੀ ਬੀ-65ਐਸ-5487 ਪਰ ਸਵਾਰ ਹੋ ਕੇ ਆਪਣੇ ਘਰ ਨੂੰ ਵਾਪਸ ਆ ਰਹੇ ਸਨ। ਜਦੋ ਉਹ ਸੁਖਮਨੀ ਕਾਲਜ, ਡੇਰਾਬੱਸੀ ਕੋਲ ਪੁੱਜੇ ਤਾਂ ਇਕ ਨਾ-ਮਾਲੂਮ ਕਾਰ ਰੰਗ ਚਿੱਟਾ ਪਿੱਛੋ ਆਈ ਜਿਸ ਦੇ ਨਾ-ਮਾਲੂਮ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਪਿੱਛੋ ਮੇਰੇ ਪਿਤਾ ਜੀ ਦੀ ਐਕਟਿਵਾ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਪਿਤਾ ਜੀ ਸੜਕ ਤੇ ਡਿੱਗ ਪਏ ਤੇ ਉਹਨਾਂ ਦੇ ਸਿਰ ਵਿੱਚ ਕਾਫੀ ਸੱਟਾਂ ਲੱਗੀਆ। ਜਿਹਨਾਂ ਨੂੰ ਰਾਹਗੀਰਾਂ ਨੇ ਇਲਾਜ ਲਈ ਸਿਵਲ ਹਸਪਤਾਲ ਡੇਰਾਬੱਸੀ ਵਿਖੇ ਦਾਖਲ ਕਰਵਾਇਆ। ਜਿੱਥੇ ਉਹਨਾਂ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਸ ਨਾ-ਮਾਲੂਮ ਕਾਰ ਦੇ ਨਾ-ਮਾਲੂਮ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 8 | ਮੁਕੱਦਮਾ ਨੰ:90<br>ਮਿਤੀ:20-12-22<br>ਜੁਰਮ:406,420,506,<br>120ਬੀ,ਆਈ.ਪੀ.ਸੀ<br>ਥਾਣਾ ਹੰਡੇਸਰਾਂ | ਸੁਭਾਸ਼ ਚੰਦ ਪੁੱਤਰ ਮਾਤੂ ਰਾਮ ਵਾਸੀ ਪਿੰਡ ਰਜਾਪੁਰ, ਥਾਣਾ ਹੰਡੇਸਰਾਂ<br>ਉਮਰ 55 ਸਾਲ | 1) ਵਿਵੇਕ ਗਰਗ<br>2) ਵਿਵੇਕ ਗਰਗ ਦੀ ਨਾ-ਮਾਲੂਮ ਪਤਨੀ<br>3) ਵਿਵੇਕ ਗਰਗ ਦਾ ਨਾ-ਮਾਲੂਮ ਲੜਕਾ ਵਾਸੀਆਨ ਮਕਾਨ ਨੰ:02,ਨਿਊ ਰਾਮ ਨਗਰ, ਅੰਬਾਲਾ ਕੈਂਟ, ਹਰਿਆਣਾ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 8718/ਐਸ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 01-09-22 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਖੇਤੀਬਾੜੀ ਦਾ ਕੰਮ ਕਰਦਾ ਹਾਂ ਤੇ ਉਕਤ ਦੋਸ਼ੀ ਵਿਵੇਕ ਗਰਗ ਸਾਹਾ ਅਨਾਜ ਮੰਡੀ, ਅੰਬਾਲਾ ਕੈਂਟ ਕੋਲ ਕਾਫੀ ਸਾਲਾ ਤੋ ਫਸਲ ਸੁੱਟ ਰਿਹਾ ਹਾਂ। ਜਿਸ ਨੇ ਸਾਲ 2016 ਵਿੱਚ ਮੇਰੇ ਤੋ 14 ਲੱਖ ਰੁਪਏ ਉਧਾਰੇ ਲਏ ਸਨ। ਜਿਸ ਨੂੰ ਮੈ 08 ਲੱਖ ਰੁਪਏ ਦਾ ਚੈਕ ਦਿੱਤਾ ਸੀ ਤੇ 06 ਲੱਖ ਰੁਪਏ ਨਗਦ ਉਕਤ ਦੋਸ਼ੀ ਵਿਵੇਕ ਗਰਗ ਦੀ ਨਾ-ਮਾਲਮ ਘਰਵਾਲੀ ਤੇ ਲੜਕਾ ਮੇਰੇ ਘਰ ਤੋ ਲੈ ਗਏ ਸਨ। ਜਦੋ ਹੁਣ ਮੈ ਉਕਤ ਦੋਸ਼ੀ ਵਿਵੇਕ ਗਰਗ ਤੋ ਆਪਣੇ ਪੈਸੇ ਵਾਪਸ ਮੰਗੇ ਤਾਂ ਉਹ ਪੈਸੇ ਦੇਣ ਤੋ ਮਨ੍ਹਾ ਕਰਨ ਲੱਗ ਪਿਆ ਤੇ ਉਕਤ ਦੋਸ਼ੀ ਵਿਵੇਕ ਗਰਗ ਤੇ ਉਸ ਦੀ ਘਰਵਾਲੀ ਤੇ ਉਸ ਦੇ ਲੜਕੇ ਤੇ 02, ਹੋਰ ਨਾ-ਮਾਲੂਮ ਵਿਅਕਤੀਆ ਨੇ ਮੇਰੇ ਘਰ ਆ ਕੇ ਮੈਨੂੰ ਧਮਕੀਆ ਵੀ ਦਿੱਤੀਆ। ਜਿਸ ਦੀ ਪੜਤਾਲ ਡੀ ਐਸ ਪੀ (ਡੇਰਾਬੱਸੀ) ਸਾਹਿਬ ਵੱਲੋ ਕੀਤੀ ਗਈ। ਬਾਅਦ ਵਿੱਚ ਪੜਤਾਲੀਆ ਰਿਪੋਰਟ ਐਸ ਪੀ (ਦਿਹਾਤੀ) ਸਾਹਿਬ ਕੋਲ ਭੇਜੀ ਗਈ। ਫਿਰ ਡੀ ਡੀ ਏ ਲੀਗਲ ਦੀ ਰਾਇ ਹਾਸਲ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |